ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030405
Available online at: www.armaan.org.in
DOI: https://doi.org/10.64119/armaan.vol.3.issue4.05

# ਕਿੱਸਾ ਸਾਹਿਤ ਦਾ ਸਮਾਜਿਕ ਅਤੇ ਸੱਭਿਆਚਾਰਕ ਚੌਖਟਾ,ਪਰਿਵਰਤਨ ਅਤੇ ਡਿਜੀਟਲ ਪ੍ਰਸਾਰ

# Kissa Sahit Da Samajik Ate Sabhiachark Chaukhata, Parivaratan Ate Digital Parsar

**ਡਾ. ਬੇਅੰਤ ਕੌਰ (Dr. Beant Kaur)**
**ਅਸਿਸਟੈਂਟ ਪ੍ਰੋਫ਼ੈਸਰ, ਪੋਸਟ ਗਰੈਜੁਏਟ ਪੰਜਾਬੀ ਵਿਭਾਗ (Asst. Professor, P.G. Dept. of Punjabi)**
**ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ , ਸੈਕਟਰ 26, ਚੰਡੀਗੜ੍ਹ**
**Email ID:** beantkaur016@gmail.com **ਮੋਬਾਈਲ:** +91-9988794880

**ਸਾਰ (Abstract)**

*ਕਿੱਸਾ ਸਾਹਿਤ ਅੰਦਰ ਪੰਜਾਬੀ ਜਨ-ਜੀਵਨ ਨੂੰ ਬਖੂਬੀ ਚਿਤਰਿਆ ਗਿਆ ਹੈ, ਏਸੇ ਕਰਕੇ ਕਿੱਸੇ ਜਨ ਸਧਾਰਨ ਵਿਚ ਹਰਮਨ ਪਿਆਰੇ ਰਹੇ, ਵਧੇਰੇ ਕਰਕੇ ਪੜ੍ਹੇ ਅਤੇ ਮਾਣੇ ਗਏ । ਕਿੱਸਾ ਸਾਹਿਤ ਦੀ ਇਕ ਵਿਸੇਸ਼ਤਾ ਇਹ ਵੀ ਹੈ ਕਿ ਇਹ ਇਸਲਾਮੀ ਤੇ ਸੱਭਿਆਚਾਰ ਦਾ ਸੁਮੇਲ ਹਨ ਇਨ੍ਹਾਂ ਅੰਦਰ ਇਸਲਾਮੀ ਅਤੇ ਹਿੰਦ ਦੇ ਰਾਗਾਂ ਰੰਗਾਂ ਕਿੱਤਿਆਂ ਪਕਵਾਨਾਂ , ਬਸਤਰਾਂ ਆਦਿ ਦਾ ਜ਼ਿਕਰ ਹੈ , ਵਧੇਰੇ ਕਰਕੇ ਹਾਕਮਾਂ ਬਾਦਸ਼ਾਹਾਂ ਦੇ ਸੋਹਲੇ ਗਾਉਣ ਤੋਂ ਮੁਕਤ ਰਹਿੰਦਿਆਂ ਸੁਤੰਤਰ ਮਨ ਦੇ ਸੰਕਲਪ ਵਿਚੋਂ ਹੀ ਜਿਹੜਾ ਕਿ ਸਾਂਝੀ ਸੱਭਿਆਚਾਰਕ ਸੋਚ ਦੇ ਪਾਸਾਰ ਦਾ ਕਾਰਨ ਸਾਬਤ ਹੁੰਦਾ ਹੈ । ਇਸ ਪਰਚੇ ਵਿਚ ਕਿੱਸਾ ਕਾਵਿ ਦਾ ਬਾਹਰੀ ਅਤੇ ਅੰਦਰੂਨੀ ਅਧਿਐਨ ਕੀਤਾ ਗਿਆ ਹੈ ਕਿੱਸਾ ਸਾਹਿਤ ਨੂੰ ਸਮਾਜਿਕ ਅਤੇ ਸੱਭਿਆਚਾਰਕ ਚੌਖਟੇ ਵਿਚ ਰੱਖਦਿਆਂ ਵਰਤਮਾਨ ਵਿਚ ਇਨ੍ਹਾਂ ਦੀ ਸਥਿਤੀ ਨੂੰ ਵਿਚਰਨਾ ਇਸ ਦਾ ਮਕਸਦ ਹੈ ਜਿਵੇਂ ਕਿ ਅੱਜ ਦੇ ਡਿਜ਼ੀਟਲ ਦੌਰ ਵਿਚ ਤਕਰੀਬਨ ਸਾਰੇ ਕਿੱਸਿਆਂ ਦਾ ਕਿਸੇ-ਨਾ-ਕਿਸੇ ਰੂਪ ਵਿਚ ਰਿਕਾਰਡ ਅਤੇ ਫ਼ਿਲਮਾਂਕਣ ਹੋ ਚੁੱਕਾ ਹੈ , ਜਿਸ ਕਰਕੇ ਅਜੋਕੇ ਦੌਰ ਵਿਚ ਕਿੱਸੇ ਭਾਰਤ ਦੀਆਂ ਬਰੂਹਾਂ ਟੱਪ ਕੇ ਦੂਸਰੇ ਦੇਸ਼ਾਂ ਦੀ ਦੁਨੀਆ ਵਿਚ ਵੀ ਜਾ ਵਿਰਾਜੇ ਹਨ । ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਕਿੱਸਿਆ ਦੀ ਇਹ ਪਰੰਪਰਾ ਸਮੇਂ ਦੀ ਹਾਣੀ ਹੋ ਕੇ ਏਸੇ ਤਰ੍ਹਾਂ ਵਿਚਰਦੀ ਰਹੇਗੀ।*

***ਕੀਵਰਡ (Keyword): ਪ੍ਰੇਮ ਕਥਾਵਾਂ, ਕਿੱਸਾ ਸਾਹਿਤ, ਆਦਰਸ਼ਵਾਦ, ਰੂਹਾਨੀ ਪਿਆਰ, ਭਾਰਤੀ ਅਤੇ ਪੱਛਮੀ ਸੱਭਿਆਚਾਰ।***

ਪੰਜਾਬ ਦੀਆਂ ਪ੍ਰੇਮ ਕਥਾਵਾਂ ਦਾ ਇਕ ਅਮੀਰ ਅਤੇ ਗੌਰਵਸ਼ਾਲੀ ਵਿਰਸਾ ਹੈ। ਪੰਜਾਬੀ ਸਾਹਿਤ ਵਿਚ ਵੱਖ-ਵੱਖ ਕਵੀਆਂ ਵੱਲੋਂ ਲਿਖੀਆਂ ਪ੍ਰੇਮ ਕਥਾਵਾਂ ਕਿੱਸਾ ਰੂਪ ਵਿਚ ਉਪਲੱਭਦ ਹਨ। ਕਹਾਣੀ ਸੁਣਾਉਣ ਦਾ ਰਿਵਾਜ਼ ਤਾਂ ਭਾਰਤੀ ਪਰੰਪਰਾ ਵਿਚ ਬਹੁਤ ਪੁਰਾਣਾ ਹੈ, ਪਰ ਜਦੋਂ ਇਹਨਾਂ ਕਹਾਣੀਆਂ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਲਿਖਤੀ ਰੂਪ ਪ੍ਰਦਾਨ ਕੀਤਾ ਗਿਆ ਤਾਂ ਇਹਨਾਂ ਕਹਾਣੀਆਂ ਨੂੰ ਹੀ ਕਿੱਸਾ ਕਿਹਾ ਜਾਣ ਲੱਗਾ। ਕਿੱਸਾ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਕਹਾਣੀ, ਕਥਾ ਜਾਂ ਬਿਰਤਾਂਤ ਆਦਿ ਹੈ। ਇਹ ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਨਾਲੋਂ ਏਸੇ ਕਰਕੇ ਵੱਖਰਾ ਹੈ, ਕਿਉਂਕਿ ਇਹ ਮੰਗਲਾਚਰਨ ਨਾਲ ਅਰੰਭ ਹੋ ਕੇ ਛੰਦ-ਬੱਧ ਹੁੰਦਾ ਹੋਇਆ ਵੀ ਬਿਰਤਾਂਤ ਕਲਾ ਰਾਹੀਂ ਖ਼ੂਬਸੂਰਤ ਹੋ ਨਿਬੜਦਾ ਹੈ। ਦਮੋਦਰ ਨੂੰ ਪਹਿਲਾ ਕਿੱਸਾਕਾਰ ਮੰਨਿਆ ਜਾਂਦਾ ਹੈ।

> *"ਦਮੋਦਰ ਨੇ ਆਪਣੇ ਕਿੱਸੇ ਵਿਚ ਦਵੱਈਆ ਛੰਦ ਵਰਤਿਆ ਹੈ। ਉਸ ਤੋਂ ਪਿੱਛੋਂ ਮੀਆਂ ਚਰਾਗ ਅਵਾਣ ਨੇ ਵੀ ਇਸੇ ਛੰਦ ਦੀ ਵਰਤੋਂ ਕੀਤੀ ਹੈ। ਅਹਿਮਦ ਗੁੱਜਰ, ਮੁਕਬਲ ਤੇ ਵਾਰਿਸ ਨੇ ਬੈਂਤ ਛੰਦ ਦੀ ਸੁਯੋਗ ਵਰਤੋਂ ਕੀਤੀ ਹੈ।"* [1]

ਮੱਧਕਾਲ ਕਾਲ ਵਿਚ ਕਿੱਸਾ-ਕਾਵਿ ਤੋਂ ਇਲਾਵਾ ਗੁਰੂ ਸਾਹਿਬਾਨ ਅਤੇ ਸੂਫੀ ਸ਼ਾਇਰਾਂ ਵੱਲੋਂ ਵੀ ਛੰਦਾ-ਬੰਦੀ ਨੂੰ ਬਾਖੂਬੀ ਅਪਣਾਇਆ ਗਿਆ ਹੈ। ਕਿੱਸਾ ਸਾਹਿਤ ਦੀ ਰਚਨਾ ਗਾਇਨ ਕੀਤੇ ਜਾਣ ਲਈ ਹੋਈ। ਦੋ ਸ਼ੈਲੀਆਂ ਪ੍ਰਚਲਿਤ ਹੋਈਆ। ਪਹਿਲੀ ਗਉਣ ਹੈਅਤੇ ਦੂਸਰੀ ਕਵਿਸ਼ਰੀ ਹੈ। ਪਹਿਲੀ ਗਾਉਣ ਰਾਹੀਂ ਸਾਜ਼ਾਂ ਦੀ ਸੰਗਤ ਵਿਚ ਗਾਇਨ ਕੀਤਾ ਜਾਂਦਾ ਅਤੇ ਦੂਸਰੀ ਸ਼ੈਲੀ ਕਵਿਸ਼ਰੀ ਵਿਚ ਗਾਇਨ ਸਮੇਂ ਕਿਸੇ ਸਾਜ਼ ਦੀ ਵਰਤੋਂ ਨਹੀਂ ਕੀਤੀ ਜਾਂਦੀ, ਬਲਕਿ ਆਵਾਜ਼ ਦੇ ਦਮ ਤੇ ਹੀ ਗਾਇਨ ਕੀਤਾ ਜਾਂਦਾ। ਪੰਜਾਬੀ ਕਿੱਸਾ ਕਾਵਿ ਵਧੇਰੇ ਕਰਕੇ ਕਵੀਸ਼ਰੀ ਦੁਆਰਾ ਹੀ ਗਾਇਨ ਕਰਨ ਲਈ ਰਚਿਆ ਗਿਆ।

ਕਿੱਸਾ ਰਚਨਾ ਵਿਚ 'ਇਸ਼ਕ' ਦੀ ਪ੍ਰਧਾਨਤਾ ਹੈ। ਇਹ 'ਇਸ਼ਕ' ਕਿਤੇ 'ਮਜ਼ਾਜੀ' ਹੈ ਅਤੇ ਕਿਤੇ 'ਹਕੀਕੀ' ਵਿਚ ਬਦਲਦਾ ਹੈ। ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਵਾਲ, ਮਿਰਜ਼ਾ-ਸਾਹਿਬਾ ਆਦਿ ਇਸ਼ਕੀਆਂ ਕਿੱਸੇ ਹਨ, ਬੁਨਿਆਦੀ ਤੌਰ 'ਤੇ ਇਹ ਕਿੱਸੇ ਇਸ਼ਕ ਤੇ ਸਮਾਜ ਦੇ ਆਪਸੀ ਵਿਰੋਧ ਉਪਰ ਆਧਾਰਿਤ ਹਨ; ਜਿਵੇਂ ਕਿ ਹੱਥਲੇ ਖੋਜ ਪੇਪਰ ਰਾਹੀਂ ਅਸੀਂ ਪੰਜਾਬ ਦੀਆਂ ਪ੍ਰੇਮ ਕਥਾਵਾਂ ਨੂੰ ਭਾਰਤੀ ਅਤੇ ਪੱਛਮ ਦੇ ਸਮਾਜਿਕ ਸੰਦਰਭ ਵਿਚ ਵਿਚਾਰਨ ਦਾ ਯਤਨ ਕੀਤਾ ਹੈ। ਮੱਧਕਾਲ ਵਿਚ ਹੋਏ ਕਿੱਸਾਕਾਰਾਂ ਦੀ ਗਿਣਤੀ ਬੇਸ਼ੁਮਾਰ ਹੈ ਪਰੰਤੂ ਕੁੱਝ ਕੁ ਸ਼੍ਰੋਮਣੀ ਕਿੱਸਾਕਾਰ ਹਨ, ਜਿਨ੍ਹਾਂ ਵਿਚ ਪੀਲੂ ਰਚਿਤ 'ਮਿਰਜ਼ਾ- ਸਾਹਿਬਾ', ਹਾਫ਼ਿਜ਼ ਬਰਖੁਰਦਾਰ ਰਚਿਤ 'ਸੋਹਣੀ-ਮਹੀਂਵਾਲ' ਅਤੇ ਵਾਰਿਸ ਰਚਿਤ 'ਹੀਰ' ਸ਼੍ਰੋਮਣੀ ਰਚਨਾਵਾਂ ਹਨ। ਹੀਰ ਦਾ ਕਿੱਸਾ ਭਾਵੇਂ ਮੁਕਬਲ ਅਤੇ ਦਮੋਦਰ ਨੇ ਵੀ ਲਿਖਿਆ ਪਰ ਵਾਰਿਸ ਸ਼ਾਹ ਨੇ ਬੈਂਤ ਛੰਦ ਨਾਲ ਕਮਾਲ ਦਾ ਨਿਆਂ ਕੀਤਾ ਹੈ। ਵਾਰਿਸ ਰਚਿਤ 'ਹੀਰ' ਦੇ ਅਰੰਭ ਦੀਆਂ ਕੁੱਝ ਕੁ ਸਤਰ੍ਹਾਂ ਏਥੇ ਹਵਾਲੇ ਵਜੋਂ ਦੇਣੀਆਂ ਯੋਗ ਸਮਝਾਂਗੇ :

*ਅੱਵਲ ਹਮਦ ਖੁਦਾਇ ਵਿਰਦ ਕੀਚੈ,*
*ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।*
*ਪਹਿਲਾ ਆਪ ਹੈ ਰੱਬ ਨੇ ਇਸ਼ਕ ਕੀਤਾ,*
*ਮਸ਼ੂਕ ਹੈ ਨਬੀ ਰਸੂਲ ਮੀਆਂ।*

 Received: 07 Nov. 2025 Accepted: 30 Nov. 2025 Published: 05 Dec. 2025

*ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ,*
*ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ*
*ਖਿਲੇ ਤਿਨਾਂ ਦੇ ਬਾਗ਼ ਕਲੂਬ ਅਦਰ,*
*ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।* [2]

ਇਸ਼ਕ ਮਜ਼ਾਜ਼ੀ ਦੁਨਿਆਵੀਂ ਇਸ਼ਕ ਹੈ। ਜਿਸ ਨੂੰ ਵਾਰਿਸ ਜੱਗ ਦਾ ਮੂਲ ਕਹਿੰਦਾ ਹੈ। ਇਸ਼ਕ ਹਕੀਕੀ ਉਹ ਇਸ਼ਕ ਹੈ ਜਿਥੇ ਦੁਨਿਆਵੀਂ ਲਾਲਸਾਵਾਂ ਤੋਂ ਉਪਰ ਉੱਠੀ ਹੋਈ ਰੂਹਾਂ ਦੀ ਸਾਂਝ ਹੈ ਜਿਹੜੀ ਆਦਰਸ਼ਵਾਦੀ ਹੈ। ਡਾ, ਕੁਲਬੀਰ ਸਿੰਘ ਕਾਂਗ ਆਪਣੀ ਪੁਸਤਕ 'ਕਿੱਸਾ ਹੀਰ ਦਮੋਦਰ' ਵਿਚ ਲਿਖਦੇ ਹਨ ਕਿ

*"ਜਦੋਂ ਹੀਰ ਦਾ ਪ੍ਰੇਮ ਇਕ ਆਦਰਸ਼ ਪਿਆਰ ਦਾ ਨਮੂਨਾ ਬਣ ਗਿਆ ਤਾਂ ਰਹੱਸਵਾਦੀ ਕਵੀਆਂ ਨੇ ਇਸ ਮਾਧਿਅਮ ਦੁਆਰਾ ਆਪਣੇ ਰੂਹਾਨੀ ਪਿਆਰ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਤਾਂ ਉਦੋਂ ਇਸ ਕਿੱਸੇ ਦਾ ਲਿਖਿਆ ਜਾਣਾ ਆਵੱਸ਼ਕ ਸੀ।"* [3]

ਇਸ ਤਰ੍ਹਾਂ, ਦਮੋਦਰ ਨੇ ਵੀ ਆਦਰਸ਼ਵਾਦੀ ਮਰਿਆਦਾ ਦੇ ਅਧੀਨ ਹੀਰ-ਰਾਂਝੇ ਦੇ ਇਸ਼ਕ ਨੂੰ ਅਧਿਆਤਮਕ ਰੰਗਣ ਦਿੱਤੀ ਹੈ ਪਰ ਵਾਰਿਸ ਸ਼ਾਹ ਹੀਰ –ਰਾਂਝੇ ਦੀ ਮੌਤ ਕਰਵਾ ਕੇ ਆਦਰਸ਼ ਤੇ ਯਥਾਰਥ ਦੇ ਟਕਰਾਉ ਵਿਚੋਂ ਤ੍ਰਾਸਦੀ ਪੈਦਾ ਕਰਦਾ ਹੈ। ਏਸੇ ਤਰ੍ਹਾਂ ਡਾ. ਗੋਪਾਲ ਸਿੰਘ ਦਰਦੀ ਨੇ ਵਾਰਿਸ ਦੁਆਰਾ ਸਿਰਜੇ ਗਏ ਦੁਖਾਂਤ ਨੂੰ *"ਆਦਰਸ਼ਵਾਦ ਤੇ ਹੋਣੀ ਦਾ ਦੁਖਾਂਤ ਆਖਿਆ ਹੈ।"* [4]

ਕਿਹਾ ਜਾ ਸਕਦਾ ਹੈ ਕਿ ਵਾਰਿਸ ਨੇ ਦੁਖਾਂਤ ਨੂੰ ਆਦਰਸ਼ਵਾਦ ਦਾ ਦੁਖਾਂਤ ਬਣਾ ਕੇ ਸਦਾਚਾਰਕ ਅਰਥ ਪ੍ਰਦਾਨ ਕੀਤੇ। ਸੋ, ਰਾਂਝਾ ਸਬਰ ਤੇ ਲੰਮੀ ਉਡੀਕ ਦਾ ਮਾਲਕ ਇਕ ਆਦਰਸ਼ਵਾਦੀ ਪ੍ਰੀਤ ਨਾਇਕ ਹੈ। ਏਥੇ ਦਮੋਦਰ, ਮੁਕਬਲ, ਗੁਰਦਾਸ ਗੁਣੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੁੱਖ ਨੂੰ ਸੁਖਾਂਤ ਵਿਚ ਨਿਬੇੜਿਆ ਹੈ। ਏਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਹੇਠ ਪ੍ਰਚਲਿਤ ਸ਼ਬਦ, ਭਾਵੇਂ ਜਿਸ ਦਾ ਸਰੋਤ ਦਸਮ ਗ੍ਰੰਥ ਹੈ ਉਹ ਵੀ ਮੈਨੂੰ ਚੇਤੇ ਆ ਰਿਹਾ ਹੈ, ਜਿਸ ਦਾ ਜ਼ਿਕਰ ਕਰਨਾ ਏਥੇ ਲਾਜ਼ਮੀ ਹੋਵੇਗਾ :

*"ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥*
*ਤੁਧੁ ਬਿਨ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥*
*ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥* [5]

ਪੰਜਾਬ ਦੀਆਂ ਪ੍ਰੇਮ ਕਥਾਵਾਂ ਵਿਚ ਇਸਤਰੀਆਂ ਦੀ ਨਿਡਰਤਾ ਦਾ ਵੀ ਜ਼ਿਕਰ ਹੈ। ਜੇ ਸੋਹਣੀ ਮਹੀਂਵਾਲ ਕੋਲ ਜਾਣ ਲਈ ਕੱਚੇ ਘੜੇ ਦੀ ਚੋਣ ਕਰਕੇ ਵੀ ਝਨਾਂ ਦਰਿਆ ਵਿਚ ਉਤਰਦੀ ਹੈ ਤਾਂ ਅੱਜ ਦੇ ਪੰਜਾਬ ਵਿਚ ਵੀ ਕਿਸਾਨੀ ਮੋਰਚਿਆਂ ਵਿਚ ਪੰਜਾਬ ਦੀਆਂ ਸੱਸੀਆਂ ਤੇ ਸੋਹਣੀਆਂ ਬੇਖੌਫ਼ ਦੇਖੀਆਂ ਜਾ ਸਕਦੀਆਂ ਹਨ।

ਏਸੇ ਤਰ੍ਹਾਂ ਪੰਜਾਬ ਦੇ ਅਨੇਕਾਂ ਲੋਕ-ਗੀਤ ਵੀ ਸੱਸੀ-ਪੁੰਨੂੰ ਦੇ ਪਿਆਰ ਦੀ ਕਹਾਣੀ, ਹੀਰ-ਰਾਂਝੇ ਦੇ ਇਸ਼ਕ ਦੀ ਗਾਥਾ, ਸੋਹਣੀ-ਮਹੀਂਵਾਲ ਦੇ ਅਨੂਠੇ ਪਿਆਰ ਦੀ ਆਪਣੇ ਆਪ ਵਿਚ ਗਵਾਹੀ ਹਨ। ਪੰਜਾਬ ਦੀ ਧਰਤੀ ਨੂੰ ਪਿਆਰ ਦੀ ਬਖ਼ਸ਼ਿਸ਼ ਹੈ। ਏਸੇ ਕਰਕੇ ਪ੍ਰੋ. ਪੂਰਨ ਸਿੰਘ ਵੀ ਆਪਣੀ ਰਚਨਾ "ਜਵਾਨ ਪੰਜਾਬ ਦੇ" ਵਿਚ ਪੰਜਾਬ ਦੇ ਜਵਾਨ ਮੁੰਡੇ ਕੁੜੀਆਂ ਨੂੰ ਹੀਰ-ਰਾਂਝੇ ਦੇ ਨਿੱਕੇ ਵੱਡੇ ਭਰਾ ਦੱਸਦਾ ਹੈ। ਜਿਸ ਦਾ ਜ਼ਿਕਰ ਏਥੇ ਲਾਜ਼ਮੀ ਹੈ :

*ਪਿਆਰ ਦਾ ਨਾਮ ਇਨ੍ਹਾਂ ਸਿੱਖਿਆ,*
*ਦਿਲ ਜਾਨ ਵਾਰਨ ਇਹ ਪਿਆਰ 'ਤੇ,*
*ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ,*
*ਰਾਂਝੇਟੜੇ ਦੇ ਨਿੱਕੇ ਵੱਡੇ ਭਰਾ ਸਾਰੇ,*
*ਬੇਲਿਆਂ ਤੇ ਰੱਖਾਂ ਵਿਚ ਕੂਕਾਂ ਮਾਰਦੇ।* [6]

ਇਸ ਤਰ੍ਹਾਂ, ਪੰਜਾਬ ਦੀ ਧਰਤੀ ਨੇ ਅਨੇਕਾਂ ਯੋਧੇ, ਵੀਰ, ਸੈਨਿਕ, ਰੱਬ ਨੂੰ ਪਾਉਣ ਵਾਲੇ ਗੁਰੂ, ਪੀਰ, ਪੈਗੰਬਰਾਂ ਨੂੰ ਵੀ ਜਨਮ ਦਿੱਤਾ, ਉਨ੍ਹਾਂ ਦਾ ਇਸ਼ਕ ਹਕੀਕੀ ਸੀ ਅਤੇ ਪ੍ਰੇਮ ਦਾ ਰੁਤਬਾ ਅਮਰ ਸੀ। ਉਹ ਅਧਿਆਤਮਕ ਤੌਰ ਤੇ ਪਾਕ ਰੂਹਾਂ ਸਨ ਪਰ ਸੰਮਤੀ ਸਮਾਜ ਦੀਆਂ ਝੂਠੀਆਂ ਇਖਲਾਕੀ ਕਦਰਾਂ-ਕੀਮਤਾਂ ਵਿਚ ਇਕ ਪਾਸੇ ਹੀਰ ਨੂੰ ਜ਼ਹਿਰ ਵੀ ਦਿੱਤੀ ਜਾਂਦੀ ਹੈ ਅਤੇ ਦੂਸਰੇ ਪਾਸੇ ਨੈਤਿਕ ਤੌਰ 'ਤੇ ਉਸਦੀ ਮਜ਼ਾਰ ਉੱਤੇ ਦੀਵੇ ਵੀ ਬਾਲੇ ਜਾਂਦੇ ਹਨ। ਇਹ ਤਾਂ ਜ਼ਾਹਿਰ ਹੈ ਕਿ ਹੀਰ ਦੀ ਪਾਕ ਰੂਹ ਪਿਆਰ ਖਾਤਰ ਕੁਰਬਾਨ ਹੋ ਜਾਂਦੀ ਹੈ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰ ਧਰ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰ ਦੀਜੈ ਕਾਣਿ ਨ ਕੀਜੈ॥* [7]

ਕਿੱਸਾ ਸਾਹਿਤ ਦੇ ਅੰਤਰਗਤ ਵਿਭਿੰਨ ਪ੍ਰਕਾਰ ਦੇ ਕਿੱਸੇ ਲਿਖੇ ਗਏ। ਕਿੱਸਾ ਸਾਹਿਤ ਨੂੰ ਵਿਸ਼ੇਗਤ ਪੱਖ ਤੋਂ ਵਿਚਾਰਦਿਆਂ ਵੱਖ –ਵੱਖ ਸ਼੍ਰੇਣੀਆਂ ਵਿਚ ਰੱਖਿਆ ਜਾ ਸਕਦਾ ਹੈ। ਇਸ ਵਿਚ ਸ਼ਾਮਿਲ ਕਿੱਸੇ ਹੀਰ-ਰਾਂਝਾ, ਸੋਹਣੀ –ਮਹੀਂਵਾਲ, ਮਿਰਜ਼ਾ-ਸਾਹਿਬਾ, ਸੱਸੀ-ਪੁੰਨੂੰ, ਲੈਲਾ-ਮਜਨੂੰ, ਸ਼ੀਰੀ-ਫ਼ਰਹਾਦ ਆਦਿਕ ਕਿੱਸੇ ਇਸ਼ਕੀਆਂ ਪ੍ਰੀਤ ਨਾਲ ਸੰਬੰਧਿਤ ਹਨ। ਕਾਮ-ਰੂਪ, ਸ਼ਾਹ-ਬਹਿਰਾਮ ਆਦਿ ਰੁਮਾਂਚਿਤ ਕਿੱਸੇ ਹਨ। ਰਾਜਾ ਰਸਾਲੂ, ਜੈਮਲ ਫੱਤਾ ਆਦਿ ਇਤਿਹਾਸਕ ਕਹੇ ਜਾ ਸਕਦੇ ਹਨ। ਇਸ ਤੋਂ ਇਲਾਵਾ ਨਲ-ਦਮੰਯਤੀ ਆਦਿਕ ਮਿਥਿਹਾਸਕ ਹਨ। ਹਰੀ ਚੰਦ, ਗੋਪੀ ਚੰਦ, ਪੂਰਨ ਭਗਤ, ਰਾਜਾ ਰਸਾਲੂ ਆਦਿ ਧਾਰਮਿਕ ਕਿੱਸੇ ਹਨ। ਪਰੰਤੂ ਕਿੱਸਾ ਸਾਹਿਤ ਅੰਦਰ ਸਰਬੋਤਮ ਸਥਾਨ ਵਾਰਿਸ ਸ਼ਾਹ ਦੁਆਰਾ ਰਚਿਤ 'ਹੀਰ' ਦੇ ਕਿੱਸੇ ਦਾ ਰਿਹਾ ਹੈ, ਭਾਵੇਂਕਿ ਹੀਰ-ਰਾਂਝੇ ਦੇ ਕਿੱਸੇ ਨੂੰ ਆਪੋ-ਆਪਣੀ ਪਹੁੰਚ ਰਾਹੀਂ ਅਨੇਕਾਂ ਕਿੱਸਾਕਾਰਾਂ ਨੇ ਰਚਿਆ ਹੈ। ਪਹਿਲਾ, ਸਭ ਤੋਂ ਵੱਧ ਲਿਖੇ ਜਾਣ ਵਾਲਾ ਕਿੱਸਾ ਵੀ ਹੀਰ ਦਾ ਕਿੱਸਾ ਹੈ। ਦੂਸਰਾ, ਸਭ ਤੋਂ ਵੱਧ ਕਿੱਸੇ ਲਿਖਣ ਵਾਲਾ ਕਿੱਸਾਕਾਰ ਅਹਿਮਦਯਾਰ ਹੈ ਜਿਸ ਨੇ ਹੀਰ ਰਾਂਝੇ ਦਾ ਕਿੱਸਾ ਵੀ ਲਿਖਿਆ ਪਰੰਤੂ, ਵਾਰਿਸ ਸ਼ਾਹ ਦੁਆਰਾ ਬੈਂਤ ਛੰਦ ਵਿਚ ਜਿਹੜਾ ਨਿਬਾਅ 'ਹੀਰ' ਦੇ ਕਿੱਸੇ ਦਾ ਰਿਹਾ, ਉਸੇ ਨੇ ਹੀ ਵਾਰਿਸ ਦੀ 'ਹੀਰ' ਨੂੰ ਸ਼੍ਰੋਮਣੀ ਬਣਾ ਦਿੱਤਾ। ਅਹਿਮਦਯਾਰ ਵੀ ਚੇਤਨ ਰੂਪ ਵਿਚ ਇਹ ਕਿੱਸਾ ਲਿਖ ਕੇ ਵਾਰਿਸ ਦੀ ਰੀਸ ਤਾਂ ਜ਼ਰੂਰ ਕਰਦਾ ਹੈ ਪਰ ਬਰਾਬਰੀ ਨਹੀਂ ਕਰ ਸਕਿਆ। ਵਾਰਿਸ ਦੀ ਵਿਲੱਖਣ ਕਲਾਤਮਿਕਤਾ, ਕਹਾਣੀ ਦਾ ਨਿਭਾ, ਠੇਠ ਭਾਸ਼ਾ, ਸ਼ੈਲੀ ਦੀ ਉੱਤਮਤਾ, ਅਰਬੀ ਫ਼ਾਰਸੀਂ ਸ਼ਬਦਾਵਲੀ ਤੋਂ ਇਲਾਵਾ ਜ਼ਜ਼ਬੇ ਅਤੇ ਭਾਵਾਂ ਦੀ ਅਨੋਖੀ ਪੇਸ਼ਕਾਰੀ, ਸਮਾਜ ਨੂੰ ਸਾਹਿਤਕ ਬਿੰਬਾਵਲੀ ਰਾਹੀਂ ਜਿਉਂਦੇ-ਜਾਗਦੇ ਰੂਪ ਵਿਚ ਪੇਸ਼ ਕਰਨਾ ਅਤੇ ਤਸੱਵੁਫ਼ ਦਾ ਰੰਗ 'ਹੀਰ' ਨੂੰ ਸ਼ਾਹਕਾਰ ਬਣਾਉਂਦੇ ਹਨ।

ਹੀਰ-ਰਾਂਝੇ ਦੇ ਵਾਂਗ ਹੀ ਸੋਹਣੀ-ਮਹੀਂਵਾਲ ਦੀ ਪ੍ਰੀਤ ਕਥਾ ਨੂੰ ਕਿੱਸੇ ਦੇ ਰੂਪ ਵਿਚ ਲੋਕ-ਪ੍ਰਿਆ ਪ੍ਰਵਾਨ ਕੀਤਾ ਗਿਆ ਹੈ। ਇਨ੍ਹਾਂ ਕਿੱਸਿਆਂ ਦਾ ਇਕ-ਦੂਸਰੇ ਤੇ ਗੂੜ੍ਹਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਰਾਂਝਾ ਪੰਜਾਬ ਦਾ ਜੱਟ ਹੈ, ਮਹੀਂਵਾਲ ਨੂੰ (ਪੰਜਾਬੋਂ ਬਾਹਰ ) ਬਲਖ-ਬੁਖਾਰੇ ਦਾ ਸੁਦਾਗਰਜ਼ਾਦਾ ਮੰਨਿਆ ਜਾਂਦਾ ਹੈ। ਸੋਹਣੀ ਘੁਮਿਆਰਾ ਦੀ ਧੀ ਹੈ ਅਤੇ ਹੀਰ ਜੱਟਾਂ ਦੀ। ਇਸ ਤਰ੍ਹਾਂ, ਕਥਾ ਦੇ ਭਾਵਾਤਮਿਕ ਅਤੇ ਦੁਖਾਂਤਕ ਪੱਖ ਤੋਂ ਇਹ ਪ੍ਰੀਤ ਕਹਾਣੀ ਵਧੇਰੇ ਰੌਚਿਕ ਅਤੇ ਦੁਖਾਂਤਕ ਹੈ। ਜਿਸ ਤਰ੍ਹਾਂ, ਸੋਹਣੀ ਦਾ ਸਿਦਕ ਰੂਪ ਹੋਣਾ, ਸਰੀਰ ਰੂਪੀਂ ਕੱਚੇ ਘੜੇ ਨੂੰ ਇਸ਼ਕ ਦੇ ਪਾਣੀਆਂ 'ਚ ਖੋਰ ਕੇ ਝਨਾਂ ਰੂਪ ਮੌਤ ਦਾ ਸਮੁੰਦਰ ਤਰ ਕੇ ਅਮਰ ਹੋ ਜਾਣਾ। ਏਸੇ ਤਰ੍ਹਾਂ, ਸੱਸੀ ਸਿਖ਼ਰ ਦੁਪਿਹਰੇ ਥਲਾਂ ਦੀ ਬਾਲੂ ਰੇਤ ਵਿਚ ਸੜ ਕੇ ਅਮਰ ਹੋ ਗਈ।

ਇਸ ਦੇ ਨਾਲ ਹੀ, ਹੀਰ ਰਾਂਝਾ ਕਿੱਸੇ ਦੇ ਪ੍ਰਭਾਵ ਸਦਕਾ, ਸੋਹਣੀ ਮਹੀਂਵਾਲ ਦੇ ਕਿੱਸੇ ਵਿਚ ਨਨਾਣ ਦਾ ਪਾਤਰ ਆਇਆ। ਪਰੰਤੂ ਪੇਸ਼ਕਾਰੀ ਦਾ ਰੂਪ ਬਿਲਕੁਲ ਵਿਪਰੀਤ ਹੈ। ਇਥੇ ਜ਼ਿਕਰਯੋਗ ਹੈ ਕਿ ਹਾਸ਼ਮ ਦੀ ਸੋਹਣੀ ਵਿਚ ਨਨਾਣ ਦਾ ਕਿਰਦਾਰ ਨਾ ਹੋ ਕੇ ਘੜਾ ਕਬੀਲੇ ਦੇ ਲੋਕਾਂ ਦੁਆਰਾ ਬਦਲਿਆ ਜਾਂਦਾ ਹੈ। ਇਸ ਕਿੱਸੇ ਅੰਦਰ ਕਾਦਰਯਾਰ ਪਹਿਲੀ ਵਾਰ ਨਨਾਣ ਦਾ ਪਾਤਰ ਲੈ ਕੇ ਆਇਆ। ਜਿੱਥੇ ਹੀਰ- ਰਾਂਝਾ ਵਿਚ ਨਨਾਣ ਸਹਿਤੀ ਇਸ਼ਕ ਦੀ ਰਾਜ਼ਦਾਰ ਹੋ ਕੇ ਵਿਛੜੇ ਹੋਏ ਹੀਰ-ਰਾਂਝੇ ਨੂੰ ਮਿਲਾ ਦਿੰਦੀ ਹੈ ਉੱਥੇ ਸੋਹਣੀ-ਮਹੀਂਵਾਲ ਵਿਚ ਨਨਾਣ ਆਪਣੀ ਚਾਲ ਨਾਲ ਉਨ੍ਹਾਂ ਇਸ਼ਕ ਦੇ ਪਾਧੀਆਂ ਨੂੰ ਦਰਿਆ ਸਪੁਰਦ ਕਰ ਦਿੰਦੀ ਹੈ। ਸੋ, ਹੀਰ ਰਾਂਝੇ ਤੋਂ ਬਾਅਦ ਜੇਕਰ ਕੋਈ ਕਿੱਸਾ ਸਭ ਤੋਂ ਵੱਧ ਲੋਕ- ਪ੍ਰੀਆ ਅਤੇ ਮਕਬੂਲ ਹੋਇਆ ਤਾਂ ਉਹ ਸੋਹਣੀ ਮਹੀਂਵਾਲ ਦਾ ਕਿੱਸਾ ਹੈ। ਸੋਹਣੀ ਨੂੰ ਲੋਕ-ਗੀਤਾਂ, ਕਹਾਣੀਆਂ, ਨਾਟਕਾਂ ਅਤੇ ਸਵਾਗਾਂ ਵਿਚ ਅਨੇਕਾਂ ਪ੍ਰਸੰਗਾਂ ਰਾਹੀਂ ਚਿਤਰਿਆ ਹੈ।

ਕਾਦਰਯਾਰ ਦੁਆਰਾ ਲਿਖਿਆ ਕਿੱਸਾ 'ਪੂਰਨ-ਭਗਤ' ਵੀ ਕਿੱਸਾ ਸਾਹਿਤ ਦੀ ਸਰਬੋਤਮ ਲਿਖਤ ਹੈ। ਪੂਰਨ ਭਗਤ ਦੇ ਕਿੱਸੇ ਦਾ ਲਿਖਤੀ ਰੂਪ ਕਾਦਰਯਾਰ ਤੋਂ ਪਹਿਲਾਂ ਨਹੀਂ ਆਇਆ, ਪਰੰਤੂ ਬਾਅਦ ਵਿਚ ਲਿਖਣ ਵਾਲੇ ਕਿੱਸਾਕਾਰਾਂ ਦੀ ਤਾਂ ਲੰਮੀ ਕਤਾਰ ਹੈ। ਕਾਦਰਯਾਰ ਦੇ ਕਿੱਸੇ ਦਾ ਸਰੋਤ ਲੋਕ-ਗੀਤ ਅਤੇ ਲੋਕ- ਗਾਥਾਵਾਂ ਹਨ। ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ,

> *"ਕਾਦਰਯਾਰ ਦੇ ਬੈਂਤਾਂ ਦੀ ਤਬੀਅਤ ਨੂੰ ਉਕਸਾਹਟ ਦੇਣ ਦੀ ਕਥਾ ਸਦਾ ਸੱਜਰੀ ਤੇ ਵਿਚਿਤ੍ਰ ਹੈ। ਕਿੱਸਾ ਸਾਦਾ ਜਿਹਾ ਹੈ। ਪਰ ਸਾਦਗੀ ਉਨ੍ਹਾਂ ਬੈਂਤਾਂ ਵਿਚ ਹੈ, ਜਿਹੜੀ ਸਦਾ ਸਿੱਟਾ ਹੁੰਦੀ ਹੈ ਕਿਸੇ ਸਹਿਜ ਸੁਭਾ ਦੈਵੀ ਆਦੇਸ਼ ਦਾ ਤੇ ਉਹ ਆਵੇਸ਼ ਜਿਹੜਾ ਪਰ ਕੋਮਲ ਉਜਰ ਹਾਸਲ ਹੋਣ ਉੱਤੇ ਗਲੇ ਤੇ ਰੱਬ ਤੇ ਦਿਲ ਵਿਚ ਕਦੀ ਅਚਨਚੇਤ ਹੀ ਕਵੀਆਂ ਨੂੰ ਆਉਂਦਾ ਹੈ।"*[8]

ਇਸ ਕਿੱਸੇ ਵਿਚ ਇਸ਼ਕ ਦੇ ਉੱਚੇ ਆਤਮਿਕ ਆਦਰਸ਼ ਨੂੰ ਦ੍ਰਿਸ਼ਟਮਾਨ ਕੀਤਾ ਗਿਆ ਹੈ, ਜਿਹੜਾ ਕਿ ਇਹਦੀ ਲੋਕ- ਪ੍ਰਿਅਤਾ ਦਾ ਵੱਡਾ ਕਾਰਨ ਹੈ। ਜਿੱਥੇ ਪੂਰਨ ਤਪ ਤੇ ਤਿਆਗ ਦੀ ਮੂਰਤ ਹੈ ਉੱਥੇ ਉਸ ਦਾ ਆਦਰਸ਼ ਗੁਰੂ ਗੋਰਖ ਵੀ ਹਰ ਪ੍ਰਕਾਰ ਦੀ ਦੁਨਿਆਵੀਂ ਮੈਲ ਤੋਂ ਉਚੇਰਾ ਤੇ ਪਾਕ ਹੈ। ਕਿੱਸੇ ਅੰਦਰ ਪੂਰਨ ਦੀ ਮਾਂ ਇਛਰਾਂ ਦਾ ਕਿਰਦਾਰ ਵੀ ਵਧੀਆ ਹੈ। ਜਿਹੜੀ ਆਪਣੇ ਬੇਟੇ ਦੇ ਵਿਯੋਗ ਵਿਚ ਰੋਂਦੀ ਹੋਈ ਅੰਨ੍ਹੀ ਹੋ ਜਾਂਦੀ ਹੈ ਪਰ ਜਿਵੇਂ ਹੀ ਪੂਰਨ ਇਛਰਾਂ ਨੂੰ ਮਿਲਦਾ ਹੈ ਤਾਂ ਉਹਦੇ ਨੈਣਾਂ ਦੀ ਜੋਤ ਵਾਪਸ ਆ ਜਾਂਦੀ ਹੈ, ਉਹਦੀ ਜ਼ਿੰਦਗੀ ਦੇ ਬਾਗ਼ ਅੰਦਰ ਹਰਿਆਲੀ ਆ ਜਾਂਦੀ ਹੈ। ਦੂਸਰੇ ਪਾਸੇ, ਕਿੱਸੇ ਅੰਦਰ ਸੁੰਦਰਾਂ ਵੀ ਅਜਿਹੀ ਪਾਤਰ ਹੈ ਜੋ ਸਮਾਜਿਕ ਕਦਰਾਂ-ਕੀਮਤਾਂ ਦਾ ਪਾਲਣ ਕਰਦੀ ਹੋਈ ਗੁਰੂ ਗੋਰਖ ਤੋਂ ਪੂਰਨ ਨੂੰ ਪ੍ਰਾਪਤ ਕਰਦੀ ਹੈ। ਕਾਦਰਯਾਰ ਨੇ ਕਿੱਸੇ ਦੇ ਅੰਤਰਗਤ ਲੂਣਾ ਰਾਹੀਂ ਸਾਬਤੀ ਦੇ ਸੰਕਲਪ ਨੂੰ ਪੇਸ਼ ਕੀਤਾ ਹੈ, ਜਿਹੜੀ ਕਿ ਅਧੂਰੀ ਹੈ ਅਤੇ ਅੰਦਰੋਂ ਟੁੱਟੀ ਹੋਈ ਹੈ, ਪਰੰਤੂ ਪੂਰਨ ਨੂੰ ਪਾ ਕੇ ਆਪਣੇ ਆਪ ਨੂੰ ਸਾਬਤ ਕਰਨਾ ਲੋਚਦੀ ਹੈ। ਜਦਕਿ ਪੂਰਨ ਤਾਂ ਪਹਿਲਾ ਹੀ ਪੂਰਨ ਹੈ, ਜਿਹਦੀ ਸਿੱਖਿਆ ਮਾਪਿਆਂ ਤੋਂ ਨਾ ਹੋ ਕੇ ਉਸਤਾਦਾਂ ਤੋਂ ਹੈ। ਸੋ, ਪੂਰਨ ਦੇ ਮਨ ਅੰਦਰ ਪੂਰਨ ਦ੍ਰਿੜਤਾ ਹੈ। ਜਿਹੜਾ ਕਿ ਉਸ ਵੇਲੇ ਦੇ ਸਮਾਜ ਅੰਦਰ ਮਰਦ ਦੀ ਪ੍ਰਧਾਨਤਾ ਅਤੇ ਲੂਣਾ ਰਾਹੀਂ ਔਰਤਾਂ ਦੀ ਅਧੀਨਗੀ ਨੂੰ ਵੀ ਬਾਖੂਬੀ ਦਰਸਾਉਂਦਾ ਹੈ।

ਜੇਕਰ ਗੱਲ ਪੱਛਮੀ ਸੱਭਿਆਚਾਰ ਦੀ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਪੱਛਮੀ ਸੱਭਿਅਤਾ ਵਿਚ ਤਾਂ ਕਿਤੇ ਵੀ ਪਿਆਰ ਦਾ ਵਿਰੋਧ ਨਜ਼ਰ ਨਹੀਂ ਆ ਰਿਹਾ। ਪੱਛਮੀ ਦੇਸ਼ਾਂ ਦੇ ਨਜ਼ਰੀਏ ਤੋਂ ਵਿਚਾਰਿਆ ਤਾਂ ਪੰਜਾਬ ਦੀਆਂ ਪ੍ਰੀਤ ਕਥਾਵਾਂ ਉਹਨਾਂ ਦੇ Goddess ਦੇ ਸਮਾਨ ਹੀ ਪ੍ਰਤੀਤ ਹੁੰਦੀਆਂ ਹਨ। ਜਦਕਿ ਭਾਰਤ ਵਰਸ਼ ਦੇਸ਼ ਵਿਚ ਅਜਿਹੇ ਸ਼ਰੇਆਮ ਪਿਆਰ ਨੂੰ ਜਗੀਰਦਾਰੀ ਨਿਜ਼ਾਮ ਦੁਆਰਾ ਬੇਸ਼ਰਮੀ ਦੀਆਂ ਹੱਦਾਂ ਅੰਦਰ ਹੀ ਦੇਖਿਆ ਗਿਆ ਅਤੇ ਇਸਦਾ ਵਿਰੋਧ ਕਰਕੇ ਲਲਕਾਰਿਆ ਜਾਂਦਾ ਰਿਹਾ। ਪਰੰਤੂ ਸਾਡਾ ਅੱਜ ਦਾ ਸੱਭਿਆਚਾਰ, ਸਮਾਜਿਕ ਵਰਤ –ਵਰਤਾਰਾ ਵੀ ਕਿਸੇ ਤਰ੍ਹਾਂ ਨਾਲ ਹੀਰ-ਰਾਂਝੇ ਦੇ ਪਿਆਰ ਵਰਗੀ ਕੋਈ ਇਜਾਜ਼ਤ ਅੱਜ ਵੀ ਨਹੀਂ ਦੇ ਰਿਹਾ; ਭਾਵੇਂ ਕਿ ਸਾਡੇ ਕੋਲ ਪੰਜਾਬ ਦੀਆਂ ਪ੍ਰੇਮ ਕਥਾਵਾਂ ਦਾ ਇਕ ਅਮੀਰ ਵਿਰਸਾ ਵੀ ਮੌਜੂਦ ਹੈ। ਇਉਂ ਭਾਵੇਂ ਕਿ ਸਮਾਂ ਦੇ ਵਹਾਉ ਸਦਕਾ ਕਿੱਸਾ ਕਾਵਿ ਨੇ ਵਿਸ਼ੇ ਖੇਤਰ ਦੀਆਂ ਵੀ ਨਵੀਆਂ ਮੰਜ਼ਲਾਂ ਨੂੰ ਵੀ ਸਰ ਕੀਤਾ, ਅਨੇਕਾਂ ਨਵੀਆਂ ਕਹਾਣੀਆਂ ਭਿੰਨ ਭਿੰਨ ਸੋਮਿਆਂ ਤੋਂ ਲੈ ਕੇ ਕਾਵਿਆਈਆਂ ਗਈਆਂ। ਇਸ ਦੇ ਨਾਲ ਹੀ, ਇਹ ਤੱਥ ਵੀ ਵਿਚਾਰਨ ਯੋਗ ਹੈ ਕਿ ਸਮੇਂ ਦੇ ਨਾਲ –ਨਾਲ ਇਹਨਾਂ ਕਿੱਸਾ ਰਚਨਾਵਾਂ ਨੇ ਵੀ ਆਪਣਾ ਰੂਪ ਬਦਲਿਆ ਹੈ, ਸਾਰੀ ਵਿਚਰ ਚਰਚਾ ਉਪਰੰਤ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ, ਕਿ ਅਜੋਕੇ ਦੌਰ ਵਿਚ ਅਜਿਹੀ ਵਿਗਿਆਨਕ ਉਨੱਤੀ ਨੇ ਦੁਨੀਆ ਦਾ ਇਸ ਕਦਰ ਸੰਗੋੜ (Srink) ਕਰਕੇ ਰੱਖਿਆ ਹੈ ਕਿ ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਵਾਪਰਨ ਵਾਲੀ ਮਹੱਤਵਪੂਰਨ ਘਟਨਾ ਸਾਰੇ ਸੰਸਾਰ ਦੇ ਘਟਨਾ –ਚੱਕਰ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਮਾਜ ਦੀ ਨਿਰੰਤਰਸ਼ੀਲਤਾ ਦਾ ਬਾਹਰੀ ਪ੍ਰਭਾਵ ਹੈ ਅਤੇ ਇਹ ਆਦਿੱਖ ਗਤੀਸ਼ੀਲਤਾ ਸਮਾਜਿਕ ਵਿਕਾਸ ਦਾ ਕਾਰਨ ਵੀ ਹੈ। ਇਹਦੇ ਨਾਲ ਹੀ ਸਮਾਜਿਕ ਕਦਰਾਂ-ਕੀਮਤਾਂ ਵਿਚ ਪਰਿਵਰਤਨ ਵੀ ਅਵੱਸ਼ਕ ਹੈ। ਜਿਹੜੀਆਂ ਚੀਜਾਂ ਸਮਾਜਿਕ ਤੋਰ ਨਾਲ ਕਦਮ ਮਿਲਾ ਕੇ ਅੱਗੇ ਨਹੀਂ ਵੱਧਦੀਆਂ, ਉਹਨਾਂ ਨੇ ਪੱਛੜ ਜਾਣਾ ਹੈ, ਪਰਿਵਰਤਨ ਹੁੰਦਾ ਰਹਿੰਦਾ ਹੈ। ਪੰਜਾਬੀ ਸਮਾਜ ਵਿਚ ਪਰਿਵਰਤਨ ਦੀ ਸਥਿਤੀ ਹਮੇਸ਼ਾ ਤੇਜ਼ੀ ਵਿਚ ਰਹੀ ਹੈ। ਅੰਗਰੇਜ਼ੀ ਰਾਜ ਦੇ ਪਰਵੇਸ਼ ਨਾਲ ਭਾਰਤ ਵਿਚ ਪੱਛਮੀ ਗਿਆਨ, ਵਿਚਾਰ, ਮਸ਼ੀਨਰੀ ਆਦਿ ਨੇ ਜੀਵਨ ਤੋਰ ਨੂੰ ਸਹਿਜ –ਸੁਭਾਅ ਵਿਚੋਂ ਕੱਢ ਕੇ ਤਿੱਖੇ ਪੈਰੀਂ ਕਰ ਦਿੱਤਾ। ਕਿੱਸਾ ਰਚਨਾਵਾਂ ਵਿਚ ਇਹ ਬਦਲਾਵ ਅਪਣੇ ਭਰਪੂਰ ਰੂਪ ਨਾਲ ਸਾਹਮਣੇ ਆਇਆ। ਜਿਵੇਂ ਕਿ ਅੱਜ ਦੇ ਡਿਜ਼ੀਟਲ ਦੌਰ ਵਿਚ ਤਕਰੀਬਨ ਸਾਰੇ ਕਿੱਸਿਆਂ ਦਾ ਕਿਸੇ-ਨਾ-ਕਿਸੇ ਰੂਪ ਵਿਚ ਰਿਕਾਰਡ ਅਤੇ ਫ਼ਿਲਮਾਂਕਣ ਹੋ ਚੁੱਕਾ ਹੈ, ਜਿਸ ਕਰਕੇ ਅਜੋਕੇ ਦੌਰ ਵਿਚ ਕਿੱਸੇ ਭਾਰਤ ਦੀਆਂ ਬਰੂਹਾਂ ਟੱਪ ਕੇ ਦੂਸਰੇ ਦੇਸ਼ਾਂ ਦੀ ਦੁਨੀਆ ਵਿਚ ਵੀ ਜਾ ਵਿਰਾਜੇ ਹਨ। ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਕਿੱਸਿਆਂ ਦੀ ਇਹ ਪਰੰਪਰਾ ਸਮੇਂ ਦੀ ਹਾਣੀ ਹੋ ਕੇ ਏਸੇ ਤਰ੍ਹਾਂ ਵਿਚਰਦੀ ਰਹੇਗੀ।

## ਹਵਾਲੇ ਅਤੇ ਟਿੱਪਣੀਆਂ


1. ਕੁਲਬੀਰ ਸਿੰਘ ਕਾਂਗ (ਡਾ.) ਕਿੱਸਾ ਹੀਰ ਦਮੋਦਰ, ਪਾਠ ਅਤੇ ਅਲੋਚਨਾ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2011, ਪੰਨਾ: 62
2. ਜਸਵਿੰਦਰ ਕੌਰ, ਹੀਰ ਵਾਰਿਸ ਸ਼ਾਹ ਦਾ ਚਿਹਨ ਵਿਗਿਆਨਕ ਅਧਿਐਨ, ਆਰਸ਼ੀ ਪਬਲੀਸ਼ਰਜ਼, ਚਾਂਦਨੀ ਚੌਕ, ਦਿੱਲੀ, 1988, ਪੰਨਾ: 8
3. ਕੁਲਬੀਰ ਸਿੰਘ ਕਾਂਗ (ਡਾ.) ਕਿੱਸਾ ਹੀਰ ਦਮੋਦਰ, ਪਾਠ ਅਤੇ ਅਲੋਚਨਾ, ਪੰਨਾ: 8
4. ਉਹੀ, ਪੰਨਾ: 39
5. https//pa.wikipedia.org
6. https://www.punjabi-kavita.com/KhulheMaidanPuranSingh.php#gsc.tab=0
7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 1412
8. ਪੂਰਨ ਸਿੰਘ (ਪ੍ਰੋ.), ਖੁਲ੍ਹੇ ਮੈਦਾਨ, ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀ ਹੀਣ, ਪੰਨਾ: 1


## Cite this Article-

*ਡਾ. ਬੇਅੰਤ ਕੌਰ (Dr. Beant Kaur), ਕਿੱਸਾ ਸਾਹਿਤ ਦਾ ਸਮਾਜਿਕ ਅਤੇ ਸੱਭਿਆਚਾਰਕ ਚੌਖਟਾ, ਪਰਿਵਰਤਨ ਅਤੇ ਡਿਜੀਟਲ ਪ੍ਰਸਾਰ (Kissa Sahit Da Samajik Ate Sabhiachark Chaukhata, Parivaratan Ate Digital Parsar), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 26-29.*

*Journal URL:* www.armaan.org.in

*DOI:* https://doi.org/10.64119/armaan.vol.3.issue4.05

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/